# ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਦੁਆਰਾ ਮਾਲਦੀਵ ਦਾ ਦੌਰਾ (03-04 ਜੂਨ, 2023)

02 ਜੂਨ, 2023

ਭਾਰਤ ਦੇ ਵਿਦੇਸ਼ ਮਾਮਲਿਆਂ ਅਤੇ ਸੰਸਦੀ ਮਾਮਲਿਆਂ ਦੇ ਰਾਜ ਮੰਤਰੀ (ਐਮਓਐੱਸ) ਸ਼੍ਰੀ ਵੀ. ਮੁਰਲੀਧਰਨ, 03-04 ਜੂਨ 2023 ਤੱਕ ਮਾਲਦੀਵ ਦਾ ਸਰਕਾਰੀ ਦੌਰਾ ਕਰਨਗੇ। ਇਹ ਰਾਜ ਮੰਤਰੀ ਦੁਆਰਾ ਮਾਲਦੀਵ ਦੀ ਪਹਿਲੀ ਫੇਰੀ ਹੋਵੇਗੀ।

2. ਫੇਰੀ ਦੌਰਾਨ, ਰਾਜ ਮੰਤਰੀ ਅੱਡੂ ਸ਼ਹਿਰ ਦਾ ਦੌਰਾ ਕਰਨਗੇ ਜੋ ਮਾਲਦੀਵ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਹੈ। ਇੱਥੇ ਉਹ ਗਾਨ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨੀਂਹ ਪੱਥਰ ਸਮਾਗਮ ਵਿੱਚ ਹਿੱਸਾ ਲੈਣਗੇ। ਐਮਓਐਸ 'ਅੱਡੂ ਰੀਕਲੇਮੇਸ਼ਨ ਪ੍ਰੋਜੈਕਟ' ਤਹਿਤ ਕੰਮ ਦੀ ਸ਼ੁਰੂਆਤ ਕਰਨ ਲਈ ਵੀ ਸਮਾਰੋਹ ਵਿੱਚ ਹਿੱਸਾ ਲੈਣਗੇ। ਅੱਡੂ ਵਿੱਚ, ਰਾਜ ਮੰਤਰੀ ਭਾਰਤ ਦੀ ਗ੍ਰਾਂਟ ਸਹਾਇਤਾ ਤਹਿਤ ਬਣਾਏ ਜਾ ਰਹੇ ਉੱਚ ਪ੍ਰਭਾਵ ਵਾਲੇ ਭਾਈਚਾਰਕ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਵੀ ਕਰਨਗੇ।

3. ਰਾਜ ਮੰਤਰੀ ਮਾਲਦੀਵ ਦੀ ਲੀਡਰਸ਼ਿਪ ਨਾਲ ਮੁਲਾਕਾਤ ਕਰਨਗੇ। ਇਸ ਦੌਰੇ ਦੌਰਾਨ ਮਾਲਦੀਵ ਵਿੱਚ ਦੁਵੱਲੇ ਵਿਕਾਸ ਸਹਿਯੋਗ ਨਾਲ ਸਬੰਧਤ ਸਮਝੌਤਿਆਂ ਉੱਤੇ ਹਸਤਾਖਰ ਵੀ ਕੀਤੇ ਜਾਣਗੇ।

4. ਮਾਲਦੀਵ ਹਿੰਦ ਮਹਾਸਾਗਰ ਖੇਤਰ (ਆਈਓਆਰ) ਵਿੱਚ ਭਾਰਤ ਦਾ ਪ੍ਰਮੁੱਖ ਸਮੁੰਦਰੀ ਗੁਆਂਢੀ ਹੈ ਅਤੇ ਪ੍ਰਧਾਨ ਮੰਤਰੀ ਦੇ 'ਸਾਗਰ' (ਖੇਤਰ ਵਿੱਚ ਸਭ ਲਈ ਸੁਰੱਖਿਆ ਅਤੇ ਵਿਕਾਸ) ਅਤੇ 'ਨੇਬਰਹੁੱਡ ਫਸਟ ਪਾਲਿਸੀ' ਦੇ ਨਜ਼ਰੀਏ ਤਹਿਤ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਫੇਰੀ ਤੋਂ ਦੋਵਾਂ ਦੇਸ਼ਾਂ ਦਰਮਿਆਨ ਠੋਸ ਸਹਿਯੋਗ ਅਤੇ ਲੋਕਾਂ ਨਾਲ ਲੋਕਾਂ ਦੇ ਮਜ਼ਬੂਤ ਸਬੰਧਾਂ ਨੂੰ ਹੋਰ ਹੁਲਾਰਾ ਮਿਲਣ ਦੀ ਉਮੀਦ ਹੈ।

**ਨਵੀਂ ਦਿੱਲੀ**

**02 ਜੂਨ, 2023**